ਸੂਚਨਾ ਤੇ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ, ਫ਼ਾਜ਼ਿਲਕਾ

## ਜ਼ਿਲ੍ਹਾ ਪੁਲਿਸ ਵੱਲੋਂ ਲੋਕਾਂ ਨੂੰ ਐਮਰਜੈਂਸੀ ਸੇਵਾਵਾਂ ਦੇਣ ਲਈ PESA ਐਪ ਦੀ ਸ਼ੁਰੂਆਤ

## * ਵੈਬਸਾਈਟ ਜਾਂ ਪਲੇਅ ਸਟੋਰ ’ਤੇ ਡਾਊਨਲੋਡ ਕੀਤੀ ਜਾ ਸਕਦੀ ਹੈ PESA ਐਪ

**ਫ਼ਾਜ਼ਿਲਕਾ, 6 ਅਪ੍ਰੈਲ**

ਫਾਜ਼ਿਲਕਾ ਪੁਲਿਸ ਵੱਲੋਂ ਆਮ ਪਬਲਿਕ ਦੀ ਸਹੂਲਤਾ ਲਈ ਅਤੇ ਉਹਨਾ ਨੂੰ ਐਮਰਜੈਂਸੀ ਸੇਵਾਵਾਂ ਦੇਣ ਹਿੱਤ ਅਤੇ ਘਰੇਲੂ ਵਸਤਾਂ (ਰੁਟੀਨ ਸਰਵਸਿਜ) ਦੀ ਹੋਮ ਡਿਲੀਵਰੀ ਲਈ ਪੁਲਿਸ ਐਮਰਜੰਸੀ ਸਰਵਿਸ ਐਪ (**PESA**) ਚਲਾਈ ਗਈ ਹੈ, ਜੋ ਪਲੇਅ ਸਟਰ ਤੋਂ ਡਾਉਨਲੋਡ https://play.google.com/store/apps/details?id=com.pesa.user ਕਰਨ ਤੋਂ ਇਲਾਵਾ ਵੈਬ ਸਾਇਟ ਦੇ ਲਿੰਕ https://pesappindia.com ਰਾਹੀਂ ਵੀ ਡਾਉਨਲੋਡ ਕੀਤੀ ਜਾ ਸਕਦੀ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਐਸ.ਐਸ.ਪੀ. ਸ. ਹਰਜੀਤ ਸਿੰਘ ਨੇ ਦੱਸਿਆ ਕਿ ਇਸ ਐਪ ਦਾ ਲਿੰਕ ਅਤੇ ਵਾਰਕੋਡ ਫਾਜ਼ਿਲਕਾ ਪੁਲਿਸ ਦੀ ਵੈਬਸਾਇਟ ’ਤੇ ਵੀ ਉਪਲਬਧ ਹੈ। ਉਨ੍ਹਾਂ ਦੱਸਿਆ ਕਿ ਇਸ ਐਪ ਰਾਹੀਂ ਦੋ ਤਰ੍ਹਾਂ ਦੀਆਂ ਐਮਰਜੈਂਸੀ ਤੇ ਰੋਜ਼ਾਨਾ ਦੀਆਂ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।

ਉਨ੍ਹਾਂ ਦੱਸਿਆ ਕਿ ਐਮਰਜੰਸੀ ਸੇਵਾਵਾਂ ’ਚ ਮੈਡੀਕਲ ਐਮਰਜੈਂਸੀ, ਵੈਟਨਰੀ ਡਾਕਟਰ, ਪਲੰਬਰ, ਇਲੈਕਟਰੀਸਨ, ਗੈਸ, ਖਾਣ ਪੀਣ ਦੀਆਂ ਵਸਤਾਂ ਅਤੇ ਰੋਜ਼ਾਨਾ ਦੀਆਂ ਸਵੇਵਾਂ ਵਿੱਚ ਆਟਾ, ਦਾਲਾਂ, ਖੰਡ, ਗੁੜ, ਚਾਹ ਪੱਤੀ, ਘਿਓ, ਮਸਾਲੇ, ਟੂਥ ਪੇਸਟ, ਸਾਬਣ ਅਤੇ ਹੋਰ ਕਰਿਆਨੇ ਆਦਿ ਦਾ ਸਮਾਨ ਹੈ। ਉਨ੍ਹਾਂ ਦੱਸਿਆ ਕਿ ਇਸ ਐਪ ਵਿੱਚ ਉਪਰੋਕਤ ਐਮਰਜੈਂਸੀ ਸੇਵਾਂਵਾ ਅਤੇ ਘਰੇਲੂ ਲੋੜੀਂਦੀਆਂ ਵਸਤਾਂ (ਰੁਟੀਨ ਸਰਵਸਿਜ) ਨਾਲ ਸਬੰਧਤ ਸਮਾਨ ਘਰ ਬੈਠ ਕੇ ਹੀ ਹੋਮ ਡਲਿਵਰੀ ਰਾਹੀਂ ਖਰੀਦ/ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਸਮਾਨ ਦੀ ਬਣਦੀ ਰਕਮ ਦਾ ਭੁਗਤਾਨ ਡਿਲੀਵਰੀ ਕਰਨ ਵਾਲੇ ਵਿਅਕਤੀ ਨੂੰ ਸਿੱਧੇ ਤੌਰ ’ਤੇ ਕੀਤਾ ਜਾਵੇ।

ਸੂਚਨਾ ਤੇ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ, ਫ਼ਾਜ਼ਿਲਕਾ

## ਵਿਧਾਇਕ ਆਵਲਾ ਨੇ 3000 ਰਾਸ਼ਨ ਦੀਆਂ ਥੈਲੀਆਂ ਸ਼ਹਿਰ ਦੇ ਵਾਰਡਾਂ ਤੇ ਬਸਤੀਆਂ ਲੋੜਵੰਦ ਲੋਕਾਂ ਲਈ ਭੇਜੀਆਂ

## *5 ਜ਼ਿਲ੍ਹਿਆਂ ’ਚ ਨਾਕਿਆਂ ਤੇ ਖੜੀ ਪੁਲਿਸ ਲਈ ਸੈਨੇਟਾਈਜਰ ਤੇ ਜਲਾਲਾਬਾਦ ਪੁਲਿਸ ਨੂੰ ਸੇਫਟੀ ਕਿੱਟਾਂ ਵੀ ਦਿੱਤੀਆਂ

ਜਲਾਲਾਬਾਦ/ਫ਼ਾਜ਼ਿਲਕਾ, 6 ਅਪ੍ਰੈਲ

ਕੋਰੋਨਾ ਵਾਇਰਸ ਦੇ ਕਾਰਣ ਜਾਰੀ ਕਰਫਿਉ ’ਚ ਹਲਕਾ ਵਿਧਾਇਕ ਰਮਿੰਦਰ ਆਵਲਾ ਲੋੜਵੰਦ ਲੋਕਾਂ ਲਈ ਮਸੀਹਾ ਦੇ ਰੂਪ ਵਿੱਚ ਵਿਚਰ ਰਹੇ ਹਨ। ਬੀਤ ਦਿਨਾਂ ਤੋਂ ਜਿੱਥੇ ਵੱਖ-ਵੱਖ ਸੰਸਥਾਵਾਂ ਦੇ ਸਹਿਯੋਗ ਨਾਲ ਲੰਗਰ ਅਤੇ ਰਾਸ਼ਨ ਵੰਡਣ ਦਾ ਕੰਮ ਜਾਰੀ ਸੀ, ਉਥੇ ਅੱਜ ਵਿਧਾਇਕ ਰਮਿੰਦਰ ਆਵਲਾ ਨੇ ਕਰੀਬ 3 ਹਜਾਰ ਥੈਲੀ ਰਾਸ਼ਨ ਦੇ ਭਰੇ ਹੋਏ ਵਹੀਕਲ ਸ਼ਹਿਰ ਦੇ ਵੱਖ-ਵੱਖ ਵਾਰਡਾਂ ਲਈ ਰਵਾਨਾ ਕੀਤੇ। ਇਸ ਤੋਂ ਇਲਾਵਾ ਵਿਧਾਇਕ ਰਮਿੰਦਰ ਆਵਲਾ ਨੇ ਪੰਜ ਜਿਲਿਆਂ ਦੀ ਪੁਲਿਸ ਲਈ ਸੈਨੇਟਾਈਜਰ

ਅਤੇ ਹਲਕਾ ਜਲਾਲਾਬਾਦ 'ਚ ਡਿਊਟੀ ਨਿਭਾ ਰਹੇ ਪੁਲਿਸ ਬਲਾਂ ਲਈ ਸੇਫਟੀ ਕਿੱਟਾਂ ਵੀ ਵੰਡੀਆਂ। ਇਸ ਤੋਂ ਪਹਿਲਾਂ ਵਿਧਾਇਕ ਜਲਾਲਾਬਾਦ ਆਵਲਾ ਦੇ ਪਰਿਵਾਰਕ ਮੈਂਬਰ ਪਾਰਟੀ ਦੇ ਵਾਲੰਟੀਅਰ ਨੂੰ ਵਿਧਾਇਕ ਵਲੋਂ ਲੋੜੀਦੇ ਪਰਿਵਾਰਾਂ ਨੂੰ ਬਿਨਾ ਕਿਸੇ ਭੇਦਭਾਵ ਦੇ ਰਸੋਈ ਦਾ ਰਾਸ਼ਨ ਮੁਹੱਈਆ ਕਰਵਾਉਣ ਦੇ ਨਿਰਦੇਸ਼ ਜਾਰੀ ਕੀਤੇ।

ਵਿਧਾਇਕ ਰਮਿੰਦਰ ਆਵਲਾ ਨੇ ਕਿਹਾ ਕਿ ਵਰਤਮਾਨ ਸਮੇਂ ਅੰਦਰ ਦੇਸ਼ ਸੰਕਟ ਦੀ ਘੜੀ 'ਚ ਲੰਘ ਰਿਹਾ ਹੈ। ਕੋਰੋਨਾ ਨੂੰ ਹਰਾਉਣ ਲਈ ਸਾਡਾ ਘਰਾਂ 'ਚ ਰਹਿਣਾ ਜਰੂਰੀ ਹੈ, ਉਨ੍ਹਾਂ ਕਿਹਾ ਕਿ ਹਰੇਕ ਲੋੜੀਦੇ ਪਰਿਵਾਰ ਤੱਕ ਲਾਕਡਾਊਨ ਦੇ ਸਮੇਂ ਦੌਰਾਨ ਜਰੂਰੀ ਰਾਸ਼ਨ ਸਮੱਗਰੀ ਪਹੁੰਚੇ ਇਸ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਲੋਕਾਂ ਦੀ ਸੇਫਟੀ ਲਈ ਲਈ ਦਿਨ ਰਾਤ ਕੰਮ ਕਰ ਰਹੀ ਹੈ ਅਤੇ ਉਨ੍ਹਾਂ ਪੁਲਿਸ ਅਧਿਕਾਰੀਆਂ ਤੇ ਕਰਮਚਾਰੀਆਂ ਲਈ ਸੈਨੇਟਾਈਜਰ ਪਹੁੰਚਾਉਣ ਦਾ ਕੰਮ ਵੀ ਉਲੀਕੀਆ ਗਿਆ ਹੈ। ਜਿਸ ਦੇ ਤਹਿਤ 5 ਜਿਲੇ ਸ਼੍ਰੀ ਮੁਕਤਸਰ ਸਾਹਿਬ, ਫਰੀਦਕੋਟ, ਫਿਰੋਜਪੁਰ, ਮੋਗਾ ਅਤੇ ਫਾਜਿਲਕਾ ਦੇ ਜਿਲਾ ਮੁਖੀਆਂ ਨੂੰ 500-E@0 ਸੈਨੇਟਾਈਜਰ ਦੇ ਰਹੇ ਹਾਂ ਤਾਂ ਕਿ ਉਹ ਲੋਕਾਂ ਦੀ ਸੁਰੱਖਿਆ ਦੇ ਨਾਲ-ਨਾਲ ਆਪਣੀ ਅਤੇ ਆਪਣੇ ਪਰਿਵਾਰ ਦੀ ਸੁਰੱਖਿਆ ਵੀ ਯਕੀਨੀ ਬਣਾ ਸਕਣ।

ਉਨ੍ਹਾਂ ਕਿਹਾ ਕਿ ਜਲਾਲਾਬਾਦ ਹਲਕੇ ਅੰਦਰ ਪੁਲਿਸ ਕਰਮਚਾਰੀਆਂ ਨੂੰ 20 ਹਜਾਰ ਸੈਨੇਟਾਈਜਰ ਤੋਂ ਇਲਾਵਾ ਸੇਫਟੀ ਕਿੱਟਾਂ ਵੀ ਮੁਹੱਈਆ ਜਾ ਰਹੀਆਂ ਹਨ। ਉਨ੍ਹਾਂ ਆਮ ਜਨਤਾ ਨੂੰ ਅਪੀਲ ਕੀਤੀ ਕਿ ਜੋ ਪੁਲਿਸ ਨਾਕਿਆਂ ਤੇ ਖੜੀ ਹੈ ਉਹ ਤੁਹਾਡੀ ਸੁਰੱਖਿਆ ਲਈ ਹੈ ਅਤੇ ਤੁਹਾਡਾ ਵੀ ਫਰਜ ਬਣਦਾ ਹੈ ਕਿ ਪ੍ਰਸ਼ਾਸਨਿਕ ਆਦੇਸ਼ਾਂ ਦੀ ਪਾਲਣਾ ਕਰਦੇ ਹੋਏ ਪੁਲਿਸ ਪ੍ਰਸ਼ਾਸਨ ਦਾ ਸਹਿਯੋਗ ਦੇਣ ਅਤੇ ਕਰਫਿਊ ਦੌਰਾਨ ਆਪਣੇ ਘਰਾਂ 'ਚ ਰਹਿ ਕੇ ਕੋਰੋਨਾ ਦੇ ਫੈਲਾਅ ਹੋਣ ਤੋਂ ਰੋਕਣ।

ਤਸਵੀਰਾਂ 1 ਤੋਂ 4

ਜਲਾਲਾਬਾਦ ਦੇ ਵਾਰਡਾਂ ਅਤੇ ਬਸਤੀਆਂ ਲਈ ਰਾਸ਼ਨ ਕਿੱਟਾਂ ਪਹੁੰਚਾਉਣ ਲਈ ਵਹੀਕਲਾਂ ਨੂੰ ਰਵਾਨਾ ਕਰਦੇ ਹੋਏ ਵਿਧਾਇਕ ਰਮਿੰਦਰ ਆਵਲਾ।

ਸ਼ਹੀਦ ਊਧਮ ਸਿੰਘ ਚੌਂਕ 'ਚ ਪੁਲਿਸ ਮੁਲਾਜਿਮਾਂ ਨੂੰ ਸੈਨੇਟਾਈਜਰ ਅਤੇ ਸੇਫਟੀ ਕਿੱਟਾਂ ਵੰਡਦੇ ਹੋਏ ਵਿਧਾਇਕ ਰਮਿੰਦਰ ਆਵਲਾ

**ਸੂਚਨਾ ਤੇ ਜ਼ਿਲ੍ਹਾ ਲੋਕ ਸੰਪਰਕ ਦ.ਫਤਰ, .ਫਾਜ਼ਿਲਕਾ**

## ਕੋਰੋਨਾ ਤੋਂ ਘਬਰਾਉਨ ਦੀ ਨਹੀਂ ਬਲਕਿ ਸਾਵਧਾਨੀ ਜਰੂਰੀ- ਡਾ: ਚੰਦਰ ਮੋਹਨ ਕਟਾਰੀਆ

**.ਫਾਜ਼ਿਲਕਾ, 6 ਅਪ੍ਰੈਲ**

ਸੀਨੀਅਰ ਮੈਡੀਕਲ ਅਫਸਰ ਸਿਹਤ ਕੇਂਦਰ ਡੱਬਵਾਲਾ ਕਲਾ ਡਾ: ਚੰਦਰ ਮੋਹਨ ਕਟਾਰੀਆ ਨੇ ਦੱਸਿਆ ਕਿ ਸਿਵਲ ਸਰਜਨ ਫਾਜ਼ਿਲਕਾ ਡਾ: ਸੁਰਿੰਦਰ ਸਿੰਘ ਦੀ ਰਹਿਨੁਮਾਈ ਹੇਠ ਕੋਰੋਨਾ ਵਾਇਰਸ ਦੇ ਫੈਲਾਅ ਨੂੰ ਰੋਕਣ ਲਈ ਜ਼ਿਲ੍ਹੇ ਵਿੱਚ ਉਪਾਅ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਘਰਾਂ 'ਚ ਰਹਿ ਕੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਸਹਿਯੋਗ ਦੇਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਇਹ ਵਾਇਰਸ ਇਕ ਤੋਂ ਦੂਜੇ ਤੱਕ ਮੂੰਹ ਅਤੇ ਨੱਕ ਵਿੱਚੋਂ ਨਿਕਲੇ ਵਾਸਪ ਨਾਲ ਫੈਲਦਾ ਹੈ, ਇਸ ਲਈ ਇਕ ਦੂਜੇ ਤੋਂ ਦੂਰੀ ਬਣਾਏ ਰੱਖਣੀ ਜਰੂਰੀ ਹੈ ਅਤੇ ਇਸ ਦੇ ਨਾਲ ਹੀ ਇਕ ਦੂਜੇ ਦੀ ਲਾਗ ਤੋਂ ਬਚਣ ਲਈ

ਆਪਣੇ ਹੱਥਾਂ ਦੀ ਸਾਫ ਸਫਾਈ ਦੀ ਬਹੁਤ ਜਰੂਰਤ ਹੈ। ਉਨ੍ਹਾਂ ਕਿਹਾ ਕਿ ਆਮ ਲੋਕਾਂ ਨੂੰ ਸਮਝਨਾ ਚਾਹੀਦਾ ਹੈ ਕਿ ਇਸ ਤੋਂ ਤੁਹਾਨੂੰ ਹੋਰ ਕੋਈ ਨਹੀਂ ਬਚਾਅ ਸਕਦਾ, ਜਦੋਂ ਤੱਕ ਤੁਸੀਂ ਖੁੱਦ ਆਪਣੇ ਆਪ ਨੂੰ ਨਹੀਂ ਬਚਾਉਂਦੇ। ਉਨ੍ਹਾਂ ਕਿਹਾ ਕਿ ਸਾਡੇ ਸਰੀਰਾਂ ਵਿੱਚ ਰੋਗਾਂ ਨਾਲ ਲੜਨ ਦੀ ਸ਼ਕਤੀ ਮੌਜੂਦ ਹੈ ਅਤੇ ਇਕ ਤੰਦਰੁਸਤ ਵਿਅਕਤੀ ਇਸ ਵਾਇਰਸ ਨਾਲ ਪੀੜਤ ਹੋਣ ਤੋਂ ਬਾਅਦ ਠੀਕ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਇਕ ਦੂਜੇ ਤੋਂ ਦੂਰੀ ਬਣਾ ਕੇ ਰੱਖੋ ਅਤੇ ਆਪਣੇ ਹੱਥਾਂ ਨੂੰ ਬਿਨ੍ਹਾਂ ਧੋਤਿਆਂ ਆਪਣੇ ਮੂੰਹ ਵੱਲ ਨਾ ਲੈ ਕੇ ਜਾਓ।

ਸੂਚਨਾ ਤੇ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ, ਫਾਜ਼ਿਲਕਾ

# ਜ਼ਿਲ੍ਹੇ ਅੰਦਰ ਕਰੋਨਾ ਵਾਈਰਸ ਦਾ ਕੋਈ ਮਰੀਜ਼ ਨਹੀ- ਡਿਪਟੀ ਕਮਿਸ਼ਨਰ

## *ਕਰੋਨਾ ਵਾਇਰਸ ਨੂੰ ਲ ਕ ਸਿਹਤ ਵਿਭਾਗ ਵਲੰ ਰੱਖੀ ਜਾ ਰਹੀ ਹ ਪਰੀ ਚਕਸੀ

## *ਤਿੰਨ ਸ਼ੱਕੀ ਮਰੀਜਾਂ ਦੇ ਸੈਂਪਲ ਟੈਸਟ ਲਈ ਭੇਜੇ-ਸਿਵਲ ਸਰਜਨ

ਫਾਜ਼ਿਲਕਾ, 6 ਅਪ੍ਰੈਲ:

ਡਿਪਟੀ ਕਮਿਸ਼ਨਰ ਸ੍ਰੀ ਅਰਵਿੰਦ ਪਾਲ ਸਿੰਘ ਸੰਧੂ ਨੇ ਦੱਸਿਆ ਕਿ ਜ਼ਿਲ੍ਹਾ ਫਾਜ਼ਿਲਕਾ ਵਿੱਚ ਹੁਣ ਤੱਕ ਕਰੋਨਾ ਵਾਈਰਸ ਦਾ ਕੋਈ ਵੀ ਮਰੀਜ਼ ਨਹੀ ਹੈ, ਕਰੋਨਾ ਦੀ ਬਿਮਾਰੀ ਤੋਂ ਜ਼ਿਲ੍ਹਾ ਵਾਸੀਆਂ ਨੂੰ ਸੁਰੱਖਿਅਤ ਰੱਖਣ ਲਈ ਲੋੜੀਂਦੇ ਪ੍ਰਬੰਧ ਕੀਤੇ ਗਏ ਹਨ। ਓਨਾਂ ਲਕਾਂ ਨੂੰ ਅਪੀਲ ਕੀਤੀ ਕਿ ਲੋਕ ਹਿੱਤਾਂ ਲਈ ਕੀਤੇ ਲਾਕਡਾਊਨ ਅਤੇ ਕਰਫਿਓ ਦੀ ਓਲਘਣਾ ਨਾ ਕਰਨ ਅਤੇ ਸਿਹਤ ਵਿਭਾਗ ਵਲੰ ਦਿਤੇ ਜਾ ਰਹੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਸਿਵਲ ਸਰਜਨ ਡਾ. ਸੁਰਿੰਦਰ ਸਿੰਘ ਨ ਜਾਣਕਾਰੀ ਦਿਦਿਆਂ ਦਸਿਆਂ ਕਿ ਸਿਹਤ ਵਿਭਾਗ ਦੇ ਸਮੁੱਚੇ ਡਾਕਟਰੀ ਸਟਾਫ਼ ਅਤੇ ਅਮਲੇ ਵਲੰ ਪਰੀ ਚਕਸੀ ਰੱਖੀ ਜਾ ਰਹੀ ਹ ਅਤੇ ਘਰ ਘਰ ਜਾ ਕ ਕਰੋਨਾ ਵਾਇਰਸ ਨਾਲ ਸਬੰਧਤ ਮਰੀਜਾਂ ਦੀ ਜਾਣਕਾਰੀ ਇਕੱਤਰ ਕੀਤੀ ਜਾ ਰਹੀ ਹੈ ਅਤੇ ਸ਼ਕੀ ਮਰੀਜ਼ਾਂ ਦੇ ਪਹਿਲਕਦਮੀ ਨਾਲ ਟੈਸਟ ਕਰਨ ਦੇ ਨਾਲ ਉਚਿਤ ਡਾਕਟਰੀ ਸੁਵਿਧਾ ਮੁਹੱਈਆ ਕਰਵਾਈ ਜਾ ਰਹੀ ਹੈ। ਉਨ੍ਹਾਂ ਦਸਿਆਂ ਕਿ ਕਰੋਨਾ ਵਾਇਰਸ ਦੀ ਬਿਮਾਰੀ ਦੇ ਖਦਸ਼ ਦੇ ਮੱਦੇਨਜ਼ਰ ਜ਼ਿਲ੍ਹੇ ਤੰ 16 ਵਿਅਕਤੀਆਂ ਦੇ ਸੈਂਪਲ ਲਏ ਗਏ ਸੀ ਜੋ ਸਾਰੇ ਦੇ ਸਾਰੇ ਨੈਗਟਿਵ ਪਾਏ ਗਏ ਹਨ।

ਇਸ ਤੋਂ ਇਲਾਵਾ ਤਿੰਨ ਨਵੇਂ ਸ਼ਕੀ ਮਰੀਜ਼ਾਂ ਦੇ ਸੈਂਪਲ ਲੈ ਕੇ ਟੈਸਟ ਲਈ ਭੇਜੇ ਗਏ ਹਨ ਅਤੇ ਸੱਕੀ ਮਰੀਜ਼ਾਂ ਨੂੰ ਸਰਕਾਰੀ ਹਸਪਤਾਲ ਫਾਜ਼ਿਲਕਾ ਦੇ ਆਈਸੋਲੇਸ਼ਨ ਵਾਰਡ ਅੰਦਰ ਰੱਖਿਆ ਗਿਆ ਹੈ। ਓਹਨਾਂ ਲਕਾਂ ਨੂੰ ਅਪੀਲ ਕੀਤੀ ਕਿ ਜਕਰ ਓਹਨਾਂ ਨੂੰ ਕਰੋਨਾ ਵਾਇਰਸ ਦੇ ਸੱਕੀ ਮਰੀਜ਼ ਸਬੰਧੀ ਕੋਈ ਜਾਣਕਾਰੀ ਪ੍ਰਾਪਤ ਹੁਦੀ ਹ, ਤਾਂ ਓਹ ਇਸ ਸਬੰਧੀ ਸਚਨਾਂ ਸਿਹਤ ਵਿਭਾਗ ਨੂੰ ਜਰਰ ਦੇਣ ਤਾਂ ਜੋ ਹਰ ਲਕਾਂ ਨੂੰ ਇਸ ਬਿਮਾਰੀ ਤੰ ਬਚਾਇਆ ਜਾ ਸਕ।